# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਠਾਨਕੋਟ

ਨਿਊ ਪ੍ਰਬੰਧਕੀ ਕੰਪਲੈਕਸ, ਪਹਿਲੀ ਮੰਜਿਲ, ਮਲਿਕਪੁਰ, ਪਠਾਨਕੋਟ ਫੋਨ ਨੰਬਰ 0186-2345133 Email: deosepathankot@punjabeducation.gov.in

ਵੱਲ:-

1. ਸੰਬੰਧਤ ਸਕੂਲ ਮੁੱਖੀ / ਮੈਨੇਜਰ
   ਜਿਲਾ ਪਠਾਨਕੋਟ।
2. ਸੰਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
   ਜਿਲਾ ਪਠਾਨਕੋਟ।

ਪੱਤਰ ਨੰ:RTE(ਮਾਨਤਾ)/353589 ਮਿਤੀ ਪਠਾਨਕੋਟ: 29.10.2021

ਵਿਸ਼ਾ:- **6-14 ਸਾਲ ਦੇ ਬੱਚਿਆਂ ਨੂੰ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ 2011 ਦੇ ਨਿਯਮ ਤੇ ਉਪ ਨਿਯਮ (4) ਸੈਕਸ਼ਨ 18 ਦੇ ਉਦੇਸ਼ ਲਈ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਐਕਟ 2009 ਲਈ ਮਾਨਤਾ ਨਵਿਆਉਣ/ਜਾਰੀ ਕਰਨ ਸੰਬੰਧੀ।**

ਸ੍ਰੀ ਮਾਨ/ਮੈਡਮ ਜੀ,

ਆਪ ਜੀ ਰਾਹੀਂ ਪ੍ਰਾਪਤ ਪ੍ਰਤੀ ਬੇਨਤੀ ਅਤੇ ਬਾਅਦ ਵਿੱਚ ਇਸ ਸਬੰਧੀ ਕੀਤੇ ਪੱਤਰ ਵਿਹਾਰ/ਪੜਤਾਲ ਦੇ ਹਵਾਲੇ ਵਿੱਚ ਨਿਮਨਹਸਤਾਖਰੀ ਵੱਲੋਂ ਹੇਠ ਲਿਖੇ ਸਕੂਲਾਂ ਨੂੰ ਜਮਾਤ ਪਹਿਲੀ ਤੋਂ ਜਮਾਤ ਅਠਵੀਂ ਲਈ ਮਿਤੀ 01-04-2020 ਤੋਂ 31-03-2023 ਤੱਕ ਮਾਨਤਾ ਜਾਰੀ/ਨਵਿਆਈ ਜਾਂਦੀ ਹੈ।

| Sr. No. | RTE CODE | SCHOOL NAME | BLOCK |
|---|---|---|---|
| 1 | 2146 | MDK ARYA PUBLIC SCHOOL PATHANKOT | PATHANKOT-3 |

ਹੇਠ ਲਿਖੀਆਂ ਸ਼ਰਤਾਂ ਦੀ ਪੂਰਤੀ ਤੋਂ ਬਾਅਦ ਹੀ ਇਹ ਮੰਜੂਰੀ ਸਹੀ ਮੰਨੀ ਜਾਵੇਗੀ।

ਸ਼ਰਤਾਂ:

1: ਮਾਨਤਾ ਦੀ ਮੰਜੂਰੀ ਦਾ ਸਮਾਂ ਵਧਾਇਆ ਨਹੀ ਜਾ ਸਕਦਾ ਅਤੇ ਕਿਸੇ ਵੀ ਸੂਰਤ ਵਿੱਚ ਅੱਠਵੀਂ ਸ਼੍ਰੇਣੀ ਤੋ ਅੱਗੇ ਮਾਨਤਾ/ਐਫੀਲੇਸ਼ਨ ਲਈ ਵਚਨਵੱਧ ਨਹੀ ਹੈ।

2: ਸਕੂਲ ਬੱਚਿਆਂ ਦੇ ਮੁਫਤ ਅਤੇ ਲਾਜਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009(ਅਨੇਕਚਰ 1) ਅਤੇ ਬੱਚਿਆਂ ਦੇ ਲਾਜਮੀ ਅਤੇ ਮੁਫਤ ਸਿੱਖਿਆ ਦੇ ਨਿਯਮ 2011(ਅਨੇਕਚਰ 2) ਦੀ ਇੰਨਬਿੰਨ ਪਾਲਣਾ ਕਰੇਗਾ।

3: ਸਕੂਲ ਪਹਿਲੀ ਸ਼੍ਰੇਣੀ ਵਿੱਚ ਦਾਖਲਾ ਕਰੇਗਾ ਅਤੇ ਕਲਾਸ ਦੀ 25 ਪ੍ਰਤੀਸ਼ਤ ਉਸ ਵਿੱਚ ਸਾਰੇ ਵਿਦਿਆਰਥੀ ਜੋ ਕਮਜੋਰ ਵਰਗ ਅਤੇ ਗੈਰ ਲਾਭਦਾਇਕ ਵਰਗ ਜੋ ਕਿ ਉਹਨਾ ਦੇ ਗੁਆਂਢ ਵਿੱਚ ਹੋਣਗੇ ਨੂੰ ਐਲੀਮੈਂਟਰੀ ਸਿੱਖਿਆ ਦੀ ਸਮਾਪਤੀ ਤੱਕ ਮੁਫਤ ਅਤੇ ਲਾਜਮੀ ਸਿੱਖਿਆ ਪ੍ਰਦਾਨ ਕਰਵਾਏਗਾ।ਬਸ਼ਰਤੇ ਪ੍ਰੀ ਪ੍ਰਾਇਮਰੀ ਸ਼੍ਰੇਣੀਆਂ ਉਤੇ ਵੀ ਇਹ ਨਿਯਮ ਲਾਗੂ ਹੋਵੇਗਾ।

ਪੈਰਾ ਨੰ:3 ਵਿੱਚ ਦਰਸਾਏ ਵਿਦਿਆਰਥੀਆਂ ਦੇ ਲਈ ਸਕੂਲ,ਕਾਨੂੰਨ ਦੇ ਸੈਕਸ਼ਨ 12 ਦੇ ਸਬ ਸੈਕਸ਼ਨ 2 ਅਨੁਸਾਰ ਦੀ

4: ਪੂਰਤੀ ਕਰੇਗਾ ਅਤੇ ਇਸ ਪ੍ਰਤੀ ਪੂਰਤੀ ਲਈ ਇੱਕ ਵੱਖਰਾ ਬੈਕ ਖਾਤਾ ਮਹੁੱਈਆ ਕਰਵਾਏਗਾ।

5: ਸਕੂਲ ਕੋਈ ਵੀ ਜਬਰੀ ਫੀਸ ਕਿਸੇ ਮਾਪਿਆਂ ਤੋ ਜਾਂ ਸਰਪ੍ਰਸਤ ਤੋ ਕਿਸੇ ਵੀ ਕਾਰਵਾਈ ਲਈ ਇਕੱਠੀ ਨਹੀ ਕਰੇਗਾ।

6: ਸਕੂਲ ਕਿਸੇ ਨੂੰ ਵੀ ਦਾਖਲੇ ਤੋ ਮਨਾਂ ਨਹੀ ਕਰੇਗਾ:-
(ੳ) ਕਿਸੇ ਵੀ ਬੱਚੇ ਨੂੰ ਜਿਸ ਕੋਲ ਜਨਮ ਦਾ ਸਬੂਤ ਨਾ ਹੋਵੇ ਜਾਂ
(ਅ) ਜੇਕਰ ਅਜਿਹੇ ਬੱਚੇ ਨੂੰ ਦਰਸਾਏ ਜਾਂ ਵਧਾਏ ਸਮੇ ਦੋਰਾਨ(ਦਾਖਲਾ ਦੇਣ ਲਈ) ਜੇਕਰ ਦਾਖਲਾ ਦੇ ਦਿੱਤਾ ਜਾਂਦਾ ਹੈ।
(ੲ) ਧਰਮ ,ਜਾਤ,ਪਾਤ,ਜਨਮ ਅਸਥਾਨ ਜਾਂ ਇਹਨਾ ਕਾਰਨਾ ਦੇ ਅਧਾਰ ਤੇ।

7: ਸਕੂਲ ਯਕੀਨੀ ਬਣਾਏਗਾ:
(ੳ) ਕੋਈ ਵੀ ਦਾਖਲ ਵਿਦਿਆਰਥੀ ਕਿਸੇ ਵੀ ਸ਼੍ਰੇਣੀ ਵਿੱਚ ਰੋਕਿਆ ਜਾਂ ਕੱਢਿਆ ਨਹੀ ਜਾ ਸਕਦਾ ਜਦੋ ਤੱਕ ਉਸ ਦੀ ਐਲੀਮੈਂਟਰੀ ਸਿੱਖਿਆ ਪੂਰੀ ਨਹੀ ਹੋ ਜਾਂਦੀ।
(ਅ) ਕਿਸੇ ਵੀ ਵਿਦਿਆਰਥੀ ਨੂੰ ਸਰੀਰਕ ਜਾਂ ਮਾਨਸਿਕ ਦੰਡ ਨਹੀ ਦਿੱਤਾ ਜਾਵੇਗਾ।
(ੲ)ਕਿਸੇ ਵੀ ਵਿਦਿਆਰਥੀ ਨੂੰ ਐਲੀਮੈਂਟਰੀ ਸਿੱਖਿਆ ਪੂਰੀ ਕਰਨ ਤੋ ਪਹਿਲਾਂ ਕੋਈ ਵੀ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਜ਼ਰੂਰਤ ਨਹੀ ਹੋਵੇਗੀ।
(ਸ) ਨਿਯਮ 21 ਦੇ ਮੁਤਾਬਿਕ ਹਰੇਕ ਵਿਦਿਆਰਥੀ ਨੂੰ ਐਲੀਮੈਂਟਰੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ।
(ਹ) ਕਾਨੂੰਨ ਦੇ ਤਹਿਤ ਅਪੰਗ,ਅਯੋਗ ਜਾਂ ਵਿਸ਼ੇਸ਼ ਜਰੂਰਤਾਂ ਵਾਲੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾਵੇਗਾ।
(ਕ) ਸੈਕਸ਼ਨ 23 ਦੇ ਸਬ ਸੈਕਸ਼ਨ(1) ਅਨੁਸਾਰ ਨਿਯੁਕਤ ਅਧਿਆਪਕ ਆਪਣੀਆਂ ਵਿਦਿਅਕ ਯੋਗਤਾਵਾਂ ਨੂੰ ਪੂਰਾ ਕਰਦਾ ਹੋਵੇ।ਜੇਕਰ ਪਹਿਲਾਂ ਤੋ ਨਿਯੁਕਤ ਹਨ ਤਾਂ ਉਹ ਆਪਣੀਆਂ ਲੋੜੀਦੀਆਂ ਘੱਟ ਤੋ ਘੱਟ ਵਿਦਿਅਕ ਯੋਗਤਾਵਾਂ ਕਾਨੂੰਨ ਦੇ ਲਾਗੂ ਹੋਣ ਦੀ ਮਿਤੀ ਤੋ ਨੌਕਰੀ ਵਿੱਚ ਆਉਣ ਦੇ 5 ਸਾਲਾਂ ਦੌਰਾਨ ਪੂਰੀਆਂ ਕਰਨਗੇ।

Manager
M.D.K. Arya Sr. Sec.
Public School, Pathankot

ਪੰਨਾ 1 / 2

Dist. Edu. Officer (E.E.
Cum-Member Secretary-Cum
Distt. Project Director
S.S.A. PATHANKOT.

Principal
M.D.K. Arya Sr. Sec. Public School
(Affiliated To C.B.S.E.)
Sujanpur Road, PATHANKOT-145001